# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ  ਸਹਿ ਸੰਪਾਦਕ: ਨਵਜੋਤ ਬਿਲਿੰਗ  ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ  ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਪੀ ਏ ਯੂ ਦੇ ਵਿਦਿਆਰਥੀ ਨੂੰ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਸਰਵੋਤਮ ਥੀਸਿਸ ਪੁਰਸਕਾਰ ਮਿਲਿਆ

ਲੁਧਿਆਣਾ 31 ਮਾਰਚ : ਪੀ ਏ ਯੂ ਦੇ ਕਮਿਊਨਿਟੀ ਸਾਇੰਸ ਕਾਲਜ ਦੇ ਮਨੁੱਖੀ ਵਿਕਾਸ ਅਤੇ ਪਰਿਵਾਰਕ ਅਧਿਐਨ ਵਿਭਾਗ ਦੀ ਪੋਸਟ ਗ੍ਰੈਜੂਏਟ ਵਿਦਿਆਰਥਣ ਮਹਿਕਦੀਪ ਕੌਰ ਨੂੰ ਬੀਤੇ ਦਿਨੀਂ ਆਈਸੀਐਫਆਰਈ-ਐਚਐਫਆਰਆਈ ਸ਼ਿਮਲਾ ਵਿਖੇ ਆਯੋਜਿਤ 'ਖੇਤੀਬਾੜੀ, ਬਾਗਬਾਨੀ ਅਤੇ ਜੰਗਲਾਤ ਅਤੇ ਸਹਾਇਕ ਵਿਗਿਆਨ ' ਬਾਰੇ 13ਵੀਂ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਬੈਸਟ ਐਮਐਸਸੀ ਥੀਸਿਸ ਅਵਾਰਡ ਪ੍ਰਾਪਤ ਹੋਇਆ ਹੈ। ਵਿਦਿਆਰਥਣ ਨੂੰ ਇਹ ਪੁਰਸਕਾਰ ਸ਼ਹਿਰੀ ਕਿਸ਼ੋਰਾਂ ਵਿੱਚ ਏ ਸਮਾਜਿਕ-ਨਿੱਜੀ ਪਰਿਵਰਤਨ ਨਾਲ ਲਿੰਗਕ ਰਵਈਏ ਦਾ ਸਬੰਧ ਵਿਸ਼ੇ ਤੇ ਉਸਦੀ ਖੋਜ ਲਈ ਦਿੱਤਾ ਗਿਆ।





ਇਸ ਵਿੱਚ ਦੋ ਤਨਖਾਹਾਂ ਲੈਣ ਵਾਲੇ ਲੁਧਿਆਣਾ ਦੇ ਪਰਿਵਾਰਾਂ ਦੇ 400 ਕਿਸ਼ੋਰਾਂ ਦਾ ਅਧਿਐਨ ਕਰਕੇ ਅੱਜ ਦੇ ਨੌਜਵਾਨਾਂ ਦੇ ਬਦਲਦੇ ਲਿੰਗ ਦ੍ਰਿਸ਼ਟੀਕੋਣ ਬਾਰੇ ਮਹੱਤਵਪੂਰਨ ਸੂਝ ਪ੍ਰਦਾਨ ਕਰਨ ਦੀ ਕੋਸ਼ਿਸ਼ ਹੋਈ ਹੈ। ਇਹ ਖੋਜ ਮੁੰਡਿਆਂ ਵਿੱਚ ਰਵਾਇਤੀ ਨਜ਼ਰੀਏ ਦੀ ਥਾਂ ਆਧੁਨਿਕ ਲਿੰਗਕ ਰਵੱਈਏ ਵੱਲ ਮਹੱਤਵਪੂਰਨ ਤਬਦੀਲੀ ਦਾ ਖੁਲਾਸਾ ਕਰਦੀ ਹੈ, ਜੋ ਸ਼ਹਿਰੀ ਪਰਿਵਾਰਾਂ ਵਿੱਚ ਬਦਲਦੇ ਸਮਾਜਿਕ ਨਿਯਮਾਂ ਨੂੰ ਵੀ ਦਰਸਾਉਂਦੀ ਹੈ। ਕੁਮਾਰੀ ਮਹਿਕਦੀਪ ਕੌਰ ਨੇ ਉਸੇ ਕਾਨਫਰੰਸ ਵਿੱਚ ਨੌਜਵਾਨ ਬਾਲਗਾਂ ਦੀ ਲਿੰਗ ਭੂਮਿਕਾ ਦੀ ਧਾਰਨਾ ਨੂੰ ਬਦਲਣ ਵਿੱਚ ਮਰਦ ਭੈਣ-ਭਰਾ ਦੀ ਭੂਮਿਕਾ ਨੂੰ ਉਜਾਗਰ ਕਰਨ ਵਾਲੇ ਪੇਪਰ ਲਈ 'ਬੈਸਟ ਓਰਲ ਪੇਪਰ ਪ੍ਰੈਜ਼ੈਂਟੇਸ਼ਨ ਅਵਾਰਡ' ਵੀ ਪ੍ਰਾਪਤ ਕੀਤਾ।

ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ, , ਡਾ.ਮਾਨਵ ਇੰਦਰਾ ਸਿੰਘ ਗਿੱਲ, ਡੀਨ ਪੋਸਟ ਗ੍ਰੈਜੂਏਟ ਸਟੱਡੀਜ਼, ਡਾ.ਅਜਮੇਰ ਸਿੰਘ ਢੱਟ ਨਿਰਦੇਸ਼ਕ ਖੋਜ, ਡਾ. ਕਿਰਨ ਬੈਂਸ, ਡੀ ਨਕਾਲਜ ਅਤੇ ਵਿਭਾਗ ਦੇ ਮੁਖੀ ਡਾ. ਸੀਮਾ ਸ਼ਰਮਾ ਨੇ ਵਿਦਿਆਰਥੀ ਨੂੰ ਉਸਦੀ ਪ੍ਰਾਪਤੀ ਲਈ ਵਧਾਈ ਦਿੱਤੀ।

## ਪੰਜਾਬ ਪ੍ਰਦੂਸ਼ਨ ਰੋਕਥਾਮ ਬੋਰਡ ਵੱਲੋਂ ਨਵੇਂ ਠੋਸ ਰਹਿੰਦ-ਖੂੰਹਦ ਪ੍ਰਬੰਧਨ ਨਿਯਮਾਂ, 2026 'ਤੇ ਸਮਰੱਥਾ ਨਿਰਮਾਣ ਵਰਕਸ਼ਾਪ

ਪਟਿਆਲਾ, 31 ਮਾਰਚ : ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਚੇਅਰਪਰਸਨ ਸ਼੍ਰੀਮਤੀ ਰੀਨਾ ਗੁਪਤਾ ਦੀ ਪ੍ਰਧਾਨਗੀ ਹੇਠ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਿਨਿਸਟ੍ਰੇਸ਼ਨ, ਚੰਡੀਗੜ੍ਹ ਵਿਖੇ ਨਵੇਂ ਠੋਸ ਰਹਿੰਦ-ਖੂੰਹਦ ਪ੍ਰਬੰਧਨ (ਐਸ.ਡਬਲਯੂ.ਐਮ) ਨਿਯਮਾਂ, 2026 'ਤੇ ਇੱਕ ਵਿਆਪਕ ਸਿਖਲਾਈ ਪ੍ਰੋਗਰਾਮ ਕਰਵਾਇਆ। ਇਸ ਪਹਿਲਕਦਮੀ ਦਾ ਉਦੇਸ਼ ਜਾਗਰੂਕਤਾ ਨੂੰ ਮਜ਼ਬੂਤ ਕਰਨਾ ਤੇ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲੇ (ਐਮ.ਓ.ਈ.ਐਫ ਐਂਡ ਸੀ.ਸੀ) ਦੁਆਰਾ ਸੂਚਿਤ ਕੀਤੇ ਗਏ ਅੱਪਡੇਟ ਕੀਤੇ ਨਿਯਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਯਕੀਨੀ ਬਣਾਉਣਾ ਸੀ ਅਤੇ ਇਹ ਸੈਸ਼ਨ ਨਵੀਂ ਰੈਗੂਲੇਟਰੀ ਵਿਵਸਥਾ ਅਧੀਨ ਲੋੜੀਂਦੇ ਭੂਮਿਕਾਵਾਂ, ਜ਼ਿੰਮੇਵਾਰੀਆਂ ਅਤੇ ਲਾਗੂਕਰਨ ਢਾਂਚੇ ਨੂੰ ਸਪੱਸ਼ਟ ਕਰਨ 'ਤੇ ਕੇਂਦ੍ਰਿਤ ਰਿਹਾ।




ਚੇਅਰਪਰਸਨ ਰੀਨਾ ਗੁਪਤਾ ਨੇ ਦੱਸਿਆ ਕਿ ਨਵੇਂ ਸੂਚਿਤ ਐਸਡਬਲਯੂਐਮ ਨਿਯਮ, 2026 ਦੇ ਢਾਂਚੇ 'ਤੇ ਇੱਕ ਮਹੱਤਵਪੂਰਨ ਅੱਪਡੇਟ ਹਨ ਅਤੇ 1 ਅਪ੍ਰੈਲ, 2026 ਤੋਂ ਲਾਗੂ ਹੋਣਗੇ। ਸੋਧੇ ਹੋਏ ਨਿਯਮ ਵਿਗਿਆਨਕ ਰਹਿੰਦ-ਖੂੰਹਦ ਪ੍ਰਬੰਧਨ, ਸਰੋਤ 'ਤੇ ਵੱਖਰਾ ਕਰਨ ਅਤੇ ਹਿੱਸੇਦਾਰਾਂ ਦੀ ਵਧੇਰੇ ਜਵਾਬਦੇਹੀ 'ਤੇ ਵਧੇਰੇ ਜ਼ੋਰ ਦਿੰਦੇ ਹਨ। ਸਿਖਲਾਈ ਪ੍ਰੋਗਰਾਮ ਵਿੱਚ 268 ਅਧਿਕਾਰੀਆਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਕਾਰਜਕਾਰੀ ਅਧਿਕਾਰੀ, ਐਸ.ਡਬਲਿਊ.ਐਮ ਨੋਡਲ ਅਧਿਕਾਰੀ, ਪ੍ਰੋਗਰਾਮ ਕੋਆਰਡੀਨੇਟਰ, ਸਮਰੱਥਾ ਨਿਰਮਾਣ ਮਾਹਿਰ ਅਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਅਧਿਕਾਰੀ ਸ਼ਾਮਲ ਸਨ।

ਇਸ ਦੌਰਾਨ ਥਾਪਰ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਦੇ ਊਰਜਾ ਅਤੇ ਵਾਤਾਵਰਣ ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾ. ਧਮੋਧਰਨ ਕੇ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕਰਦਿਆਂ ਮੁੱਖ ਪ੍ਰਬੰਧਾਂ, 2016 ਦੇ ਨਿਯਮਾਂ ਤੋਂ ਢਾਂਚਾਗਤ ਤਬਦੀਲੀਆਂ ਅਤੇ ਲਾਗੂਕਰਨ ਵਿੱਚ ਵਿਹਾਰਕ ਚੁਣੌਤੀਆਂ, ਬਾਰੇ ਸ਼ੈਸਨ ਦਿੱਤਾ। ਜਦੋਂਕਿ ਪੰਜਾਬ ਪ੍ਰਦੂਸ਼ਨ ਰੋਕਥਾਮ ਬੋਰਡ ਦੇ ਸਹਾਇਕ ਵਾਤਾਵਰਣ ਇੰਜੀਨੀਅਰ, ਅਕਸ਼ਿਤ ਕਪਿਲ ਨੇ ਵੱਖਰੇ ਸੈਸ਼ਨ ਵਿੱਚ ਅੱਪਡੇਟ ਨਿਯਮਾਂ ਦੀ ਇੱਕ ਸੰਖੇਪ ਜਾਣਕਾਰੀ ਦਿੱਤੀ, ਜਿਸ ਵਿੱਚ ਖੇਤਰੀ ਪੱਧਰ 'ਤੇ ਲਾਗੂਕਰਨ ਲਈ ਵੱਡੀਆਂ ਤਬਦੀਲੀਆਂ ਅਤੇ ਉਨ੍ਹਾਂ ਦੇ ਪ੍ਰਭਾਵਾਂ ਨੂੰ ਉਜਾਗਰ ਕੀਤਾ ਗਿਆ।

ਇਹ ਪ੍ਰੋਗਰਾਮ ਵਿਭਾਗਾਂ ਵਿੱਚ ਸਮਰੱਥਾ ਬਣਾਉਣ ਅਤੇ ਲਾਗੂਕਰਨ ਦੀ ਮਿਤੀ ਤੋਂ ਪਹਿਲਾਂ ਤਿਆਰੀ ਨੂੰ ਯਕੀਨੀ ਬਣਾਉਣ ਦੇ ਇੱਕ ਵਿਆਪਕ ਯਤਨ ਦਾ ਹਿੱਸਾ ਹੈ। ਕਈ ਪੱਧਰਾਂ ਦੇ ਅਧਿਕਾਰੀਆਂ ਨੂੰ ਇਕੱਠੇ ਕਰਕੇ, ਪੰਜਾਬ ਪ੍ਰਦੂਸ਼ਨ ਰੋਕਥਾਮ ਬੋਰਡ ਦਾ ਉਦੇਸ਼ ਰੈਗੂਲੇਟਰੀ ਢਾਂਚੇ ਦੀ ਇੱਕ ਏਕੀਕ੍ਰਿਤ ਸਮਝ ਪੈਦਾ ਕਰਨਾ ਅਤੇ ਰਾਜ ਭਰ ਵਿੱਚ ਸੁਚਾਰੂ ਲਾਗੂਕਰਨ ਦੀ ਸਹੂਲਤ ਦੇਣਾ ਹੈ।

## ਪੀਏਯੂ- ਕੀਟ ਵਿਗਿਆਨ ਵਿਭਾਗ ਨੇ ਕਿਸਾਨਾਂ ਲਈ 'ਖੀਰੇ ਅਤੇ ਭਿੰਡੀ 'ਤੇ ਕੀਟਾਂ ਬਾਰੇ ਖੇਤ ਦਿਵਸ ਕਰਵਾਇਆ

ਲੁਧਿਆਣਾ 31 ਮਾਰਚ : ਪੀ ਏ ਯੂ ਦੇ ਕੀਟ ਵਿਗਿਆਨ ਵਿਭਾਗ ਦੇ ਆਲ ਇੰਡੀਆ ਨੈੱਟਵਰਕ ਪ੍ਰੋਜੈਕਟ ਨੇ ਕ੍ਰਿਸ਼ੀ ਵਿਗਿਆਨ ਕੇਂਦਰ, ਸਮਰਾਲਾ ਦੇ ਸਹਿਯੋਗ ਨਾਲ ਪਿੰਡ ਬਰਮਾ, ਸਮਰਾਲਾ ਵਿਖੇ ਖੀਰੇ ਅਤੇ ਭਿੰਡੀ 'ਤੇ ਕੀਟ ਦੇ ਵਾਤਾਵਰਣ ਅਨੁਕੂਲ ਵਿਸ਼ੇ 'ਤੇ ਖੇਤ ਦਿਵਸ ਦਾ ਆਯੋਜਨ ਕੀਤਾ। ਇਹ ਖੇਤ ਦਿਵਸ ਡਾ. ਮਨਮੀਤ ਬਰਾੜ ਭੁੱਲਰ, ਕੀਟ ਵਿਗਿਆਨ ਵਿਭਾਗ ਨੇ ਡਾ. ਵਿਪਿਨ ਰਾਮਪਾਲ, ਮੁਖੀ, ਪਸਾਰ ਸਿੱਖਿਆ ਵਿਭਾਗ ਅਤੇ ਸਹਿਯੋਗੀ ਨਿਰਦੇਸ਼ਕ ਕੇਵੀਕੇ, ਸਮਰਾਲਾ ਦੇ ਸਹਿਯੋਗ ਨਾਲ ਆਯੋਜਿਤ ਕੀਤਾ। ਇਹ ਗਤੀਵਿਧੀ ਕਿਸਾਨਾਂ ਨੂੰ ਕੀਟ ਪ੍ਰਬੰਧਨ ਲਈ ਵਾਤਾਵਰਣ ਪੱਖੋਂ ਸੁਰੱਖਿਅਤ ਤਰੀਕਿਆਂ ਬਾਰੇ ਜਾਗਰੂਕ ਕਰਨ ਲਈ ਆਯੋਜਿਤ ਕੀਤੀ ਗਈ ਸੀ।



ਡਾ. ਮੱਖਣ ਸਿੰਘ ਭੁੱਲਰ, ਨਿਰਦੇਸ਼ਕ ਪਸਾਰ ਸਿੱਖਿਆ, ਪੀਏਯੂ, ਲੁਧਿਆਣਾ ਪ੍ਰੋਗਰਾਮ ਦੇ ਮੁੱਖ ਮਹਿਮਾਨ ਸਨ। ਉਨ੍ਹਾਂ ਨੇ ਕਿਸਾਨ-ਮੁਖੀ ਖੇਤ ਦਿਵਸਾਂ ਦੀ ਮਹੱਤਤਾ ਦੀ ਸ਼ਲਾਘਾ ਕੀਤੀ ਅਤੇ ਕੀੜਿਆਂ ਦੇ ਜੈਵਿਕ ਪ੍ਰਬੰਧਨ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਕਿਸਾਨਾਂ ਅਤੇ ਕਿਸਾਨ ਬੀਬੀਆਂ ਵਿੱਚ ਹੁਨਰ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਡਾਇਰੈਕਟੋਰੇਟ ਦੁਆਰਾ ਆਯੋਜਿਤ ਕੀਤੀਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੇ ਖਾਦਾਂ, ਸਰੋਤਾਂ ਦੀ ਸਮਝਦਾਰੀ ਨਾਲ ਵਰਤੋਂ 'ਤੇ ਵੀ ਜ਼ੋਰ ਦਿੱਤਾ ਅਤੇ ਨੌਜਵਾਨ ਕਿਸਾਨਾਂ ਨੂੰ ਫਸਲ ਵਿਭਿੰਨਤਾ ਲਈ ਅੱਗੇ ਆਉਣ ਅਤੇ ਟਿਕਾਊ ਅਭਿਆਸ ਲਈ ਆਪਣਾ ਖੇਤੀਬਾੜੀ ਕਾਰੋਬਾਰ ਸ਼ੁਰੂ ਕਰਨ ਲਈ ਉਤਸ਼ਾਹਿਤ ਕੀਤਾ।

ਡਾ. ਮਨਮੀਤ ਭੁੱਲਰ ਨੇ ਸਬਜ਼ੀਆਂ ਖਾਸ ਕਰਕੇ ਖੀਰੇ ਅਤੇ ਭਿੰਡੀ 'ਤੇ ਮੁੱਖ ਕੀਟ ਕੀੜਿਆਂ ਦੁਆਰਾ ਹੋਣ ਵਾਲੇ ਨੁਕਸਾਨ ਦੇ ਲੱਛਣਾਂ ਦੀ ਪਛਾਣ, ਜੀਵਨ ਚੱਕਰ ਦੇ ਨਾਲ ਨਾਲ ਖੁੱਲ੍ਹੀ ਅਤੇ ਸੁਰੱਖਿਅਤ ਕਾਸ਼ਤ ਅਧੀਨ ਉਨ੍ਹਾਂ ਦੇ ਵਾਤਾਵਰਣ ਅਨੁਕੂਲ ਪ੍ਰਬੰਧਨ ਬਾਰੇ ਦੱਸਿਆ।

ਡਾ ਵਿਪਿਨ ਰਾਮਪਾਲ ਨੇ ਕੀੜਿਆਂ ਦੇ ਜੈਵਿਕ ਪ੍ਰਬੰਧਨ ਦੀ ਮਹੱਤਤਾ ਅਤੇ ਕੇਵੀਕੇ, ਸਮਰਾਲਾ ਦੁਆਰਾ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਨੇ ਕਿਸਾਨਾਂ ਨੂੰ ਯੂਨੀਵਰਸਿਟੀ ਦੇ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਅਪਡੇਟ ਰਹਿਣ ਦੀ ਵੀ ਅਪੀਲ ਕੀਤੀ।

ਕਿਸਾਨਾਂ ਦੇ ਖੇਤਾਂ 'ਤੇ ਬਨਸਪਤੀ ਵਿਗਿਆਨ ਦੀ ਵਰਤੋਂ ਬਾਰੇ ਤਕਨੀਕਾਂ ਦਾ ਪ੍ਰਦਰਸ਼ਨ ਕੀਤਾ ਗਿਆ। ਖੇਤ ਦਿਵਸ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਹਿੱਸਾ ਲਿਆ। ਖੇਤ ਦਿਵਸ ਕਿਸਾਨ-ਵਿਗਿਆਨੀ ਵਿਚਾਰ-ਵਟਾਂਦਰੇ ਸੈਸ਼ਨ ਨਾਲ ਸਮਾਪਤ ਹੋਇਆ। ਭਾਗੀਦਾਰਾਂ ਨੇ ਆਪਣੇ ਖੇਤ ਦੇ ਤਜਰਬੇ ਸਾਂਝੇ ਕੀਤੇ ਅਤੇ ਕੀਟਾਂ ਦੀ ਰੋਕਥਾਮ ਵਿੱਚ ਮੁੱਖ ਚੁਣੌਤੀਆਂ ਨੂੰ ਦੂਰ ਕਰਨ ਲਈ ਮਾਹਿਰਾਂ ਦੀਆਂ ਸਿਫ਼ਾਰਸ਼ਾਂ ਦੀ ਮੰਗ ਕੀਤੀ। ਡਾ. ਵੀਰ ਪ੍ਰਤਾਪ ਨੇ ਖੇਤਰ ਵਿੱਚ ਸਬਜ਼ੀਆਂ ਦੇ ਉਤਪਾਦਨ ਬਾਰੇ ਚਾਨਣਾ ਪਾਇਆ ਜਦੋਂ ਕਿ ਡਾ. ਅਮਨਪ੍ਰੀਤ ਸਿੰਘ ਨੇ ਸਬਜ਼ੀਆਂ ਦੀਆਂ ਫਸਲਾਂ ਦੀ ਜੈਵਿਕ ਕਾਸ਼ਤ ਵਿੱਚ ਅਪਣਾਏ ਜਾ ਰਹੇ ਅਭਿਆਸਾਂ ਬਾਰੇ ਦੱਸਿਆ।

## ਅੰਤਰ ਰਾਸ਼ਟਰੀ ਮਾਮਲਿਆਂ ਬਾਰੇ ਸਚਿੱਤਰ ਮੈਗਜ਼ੀਨ "ਸੱਤ ਸਮੁੰਦਰੋਂ ਪਾਰ" ਦਾ ਸਿਲਵਰ ਜੁਬਲੀ ਸਮਾਰੋਹ

### ਪੰਜਾਬੀ ਪੱਤਰਕਾਰੀ ਵਿੱਚ ਸਚਿੱਤਰ ਮੈਗਜ਼ੀਨ ਅਜੋਕੇ ਸਮੇਂ ਦੀ ਵੀ ਪ੍ਰਮੁੱਖ ਲੋੜ—ਪ੍ਰੋ. ਗੁਰਭਜਨ ਸਿੰਘ ਗਿੱਲ




ਲੁਧਿਆਣਾ — 31 ਮਾਰਚ : ਪੰਜਾਬੀ ਭਾਸ਼ਾ ਵਿੱਚ 25 ਸਾਲ ਪਹਿਲਾ ਪੰਜਾਬੀ ਭਾਸ਼ਾ ਦਾ ਅੰਤਰ ਰਾਸ਼ਟਰੀ ਮਾਮਲਿਆਂ ਬਾਰੇ ਸਚਿੱਤਰ ਮਾਸਿਕ ਪੱਤਰ ਕੱਢਣਾ, ਬਹੁਤ ਔਖਾ ਕੰਮ ਹੈ, ਇਸ ਨੂੰ ਲਗਾਤਾਰ ਛਾਪ ਕੇ ਪਾਠਕਾਂ ਤੱਕ ਪੁੱਜਦਾ ਕਰਨਾ ਹੋਰ ਵੀ ਮੁਸ਼ਕਲ ਹੁੰਦਾ ਹੈ। ਇਹ ਵਿਚਾਰ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਸਿਲਵਰ ਜੁਬਲੀ ਸਮਾਹੋਰ ਮੌਕੇ ਸੰਬੋਧਨ ਕਰਦਿਆਂ ਕਹੇ। ਉਨ੍ਹਾਂ ਕਿਹਾ ਕਿ ਸਚਿੱਤਰ ਮੈਗਜ਼ੀਨ ਹਰ ਮਹੀਨੇ ਕੱਢਣਾ ਹਰ ਮਹੀਨੇ ਧੀ ਦਾ ਡੋਲ੍ਹਾ ਤੋਰਨ ਦੇ ਬਰਾਬਰ ਕਾਂ।

ਗਲੋਬਲ ਨਿਊਜ਼ ਮੈਗਜ਼ੀਨ ਸੱਤ ਸਮੁੰਦਰੋਂ ਪਾਰ, ਪਿਛਲੇ ਪੱਚੀ ਸਾਲ ਤੋਂ ਛਪ ਕੇ ਪਾਠਕਾਂ ਤੱਕ ਪੁੱਜਦਾ ਹੈ। ਇਹ ਸਿਰੜੀ ਸੁਭਾਅ ਤੇ ਜਨੂੰਨੀ ਵਿਅਕਤੀ ਦਾ ਕੰਮ ਹੈ। ਇਹ ਵਿਚਾਰ ਉੱਘੇ ਉਦਯੋਗਪਤੀ ਸਤਬੀਰ ਸਿੰਘ ਅੰਮ੍ਰਿਤਸਰ ਨੇ ਬੋਲਦਿਆਂ ਕਹੇ। ਪੰਜਾਬੀ ਭਵਨ ਦੇ ਮੁੱਖ ਸੈਮੀਨਾਰ ਹਾਲ ਵਿੱਚ ਪ੍ਰਸਿੱਧ ਗਲੋਬਲ ਨਿਊਜ਼ ਮੈਗਜ਼ੀਨ "ਸੱਤ ਸਮੁੰਦਰੋਂ ਪਾਰ" ਦੇ 25 ਸਾਲ ਪੂਰੇ ਹੋਣ ਦੇ ਉਪਲੱਖ ਵਿੱਚ ਸਿਲਵਰ ਜੁਬਲੀ ਸਮਾਰੋਹ ਬੜੀ ਸ਼ਾਨੋ-ਸ਼ੌਕਤ ਨਾਲ ਆਯੋਜਿਤ ਕੀਤਾ ਗਿਆ।

ਇਸ ਮੌਕੇ ਸੰਪਾਦਕ ਸ੍ਰੀ ਇੰਦਰਜੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਮੈਗਜ਼ੀਨ ਦੇ 25 ਸਾਲਾਂ ਦੇ ਸੰਘਰਸ਼ਮਈ ਸਫ਼ਰ, ਵਿਕਾਸ ਅਤੇ ਮਹੱਤਵਪੂਰਨ ਉਪਲਬਧੀਆਂ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ।

ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਅਤੇ ਉੱਘੇ ਕਵੀ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਹੋਰ ਕਿਹਾ ਕਿ ਇਹ ਮੈਗਜ਼ੀਨ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਨੂੰ ਆਪਣੀ ਮਿੱਟੀ ਅਤੇ ਸਭਿਆਚਾਰ ਨਾਲ ਜੋੜਨ ਮਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ ਅਤੇ ਇੰਦਰਜੀਤ ਸਿੰਘ ਦਾ ਇਹ ਉਪਰਾਲਾ ਬੇਹੱਦ ਸ਼ਲਾਘਾਯੋਗ ਹੈ।

ਇਸ ਮੌਕੇ ਅੰਮ੍ਰਿਤਸਰ ਤੋਂ ਪ੍ਰਸਿੱਧ ਸਮਾਜਸੇਵੀ ਸ੍ਰੀ ਸਤਬੀਰ ਸਿੰਘ ਨੇ ਸੁਰਿੰਦਰ ਫ਼ਰਿਸ਼ਤਾ ਉਰਫ ਘੁੱਲੇ ਸ਼ਾਹ ਜੀ ਦੇ ਨਾਲ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਈ। ਪ੍ਰਸਿੱਧ ਕਵਿੱਤਰੀ ਤੇ ਸਾਬਕਾ ਸੰਪਾਦਕ ਪਰਹਿੱਤ ਮਨਦੀਪ ਕੌਰ ਭੰਮਰਾ ਨੇ ਇੰਦਰਜੀਤ ਸਿੰਘ ਦੇ ਉਸ ਦੀ ਪੱਤਰਕਾਰੀ ਨੂੰ ਦੇਣ ਬਾਰੇ ਗੱਲਬਾਤ ਕੀਤੀ।

ਸਮਾਰੋਹ ਨੂੰ ਸੰਬੋਧਨ ਕਰਨ ਵਾਲੀਆਂ ਪ੍ਰਮੁੱਖ ਸ਼ਖਸੀਅਤਾਂ ਵਿੱਚ ਡਾ. ਹਰਸ਼ਿੰਦਰ ਕੌਰ (ਪਟਿਆਲਾ), ਡਾ. ਮਨਜੀਤ ਸਿੰਘ ਬਲ (ਜ਼ੀਰਕਪੁਰ), ਬਲਜੀਤ ਕੌਰ ਘੋਲੀਆ (ਲੁਧਿਆਣਾ), ਗਗਨਦੀਪ ਧਾਲੀਵਾਲ (ਬਰਨਾਲਾ), ਡਾ. ਜਸਵੰਤ ਸਿੰਘ ਗਿੱਲ (ਅਮਨ ਕੈਂਸਰ ਹਸਪਤਾਲ, ਜਲੰਧਰ), ਬੁੱਧ ਸਿੰਘ ਨੀਲੋਂ (ਲੁਧਿਆਣਾ), ਜਗਤਾਰ ਸਮਾਲਸਰ (ਏਲਨਾਬਾਦ, ਸਿਰਸਾ), ਬਲਜਿੰਦਰ ਕੌਰ ਸ਼ੇਰਗਿੱਲ (ਮੋਹਾਲੀ), ਸੋਮਨਾਥ ਭੱਟੀ (ਸੱਤਿਆਗ੍ਰਹਿ), ਰਣਜੀਤ ਸਿੰਘ ਅਜ਼ਾਦ ਕਾਂਝਲਾ (ਬਰਨਾਲਾ) ਅਤੇ ਬਾਬਾ ਸ਼ਮਸ਼ੇਰ ਸਿੰਘ ਵੀ ਜਗੇੜਾ ਸ਼ਾਮਲ ਸਨ।

ਮੰਚ ਸੰਚਾਲਨ ਦੀ ਭੂਮਿਕਾ ਸਰਬਜੀਤ ਕੌਰ (ਹਾਜੀਪੁਰ) ਨੇ ਬਹੁਤ ਹੀ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਈ। ਇਸ ਤੋਂ ਇਲਾਵਾ ਸੁਰਿੰਦਰ ਸਿੰਘ ਫੋਟੋ ਪੱਤਰਕਾਰ ਨੇ ਸਮਾਗਮ ਦੀ ਵੀਡੀਓਗ੍ਰਾਫੀ ਅਤੇ ਫੋਟੋਗ੍ਰਾਫੀ ਦੀ ਜ਼ਿੰਮੇਵਾਰੀ ਬਖੂਬੀ ਨਿਭਾਈ।

ਇਸ ਮੌਕੇ ਹੋਰ ਹਾਜ਼ਰ ਸ਼ਖਸੀਅਤਾਂ ਵਿੱਚ ਜਗਮੋਹਨ ਸਿੰਘ ਲੱਕੀ (ਪਟਿਆਲਾ), ਮਨਜਿੰਦਰ ਸਿੰਘ ਬੱਬੂ (ਰੀਅਲ ਅਸਟੇਟ ਸਲਾਹਕਾਰ, ਲੁਧਿਆਣਾ), ਸੁਰਿੰਦਰ ਹੀਰ (ਗ੍ਰੀਸ), ਜਸਵੀਰ ਕੌਰ (ਲੁਧਿਆਣਾ), ਪੀ.ਐਸ. ਪਾਲ ਐਡਵੋਕੇਟ, ਭਾਰਤ ਭੂਸ਼ਨ ਗੁਪਤਾ, ਜਗਜੀਤ ਸਿੰਘ ਮਾਨ (ਲੁਧਿਆਣਾ), ਬਲਬੀਰ ਸਿੰਘ ਸਿੱਧੂ ਸੰਪਾਦਕ ਜਸਟਿਸ ਨਿਊਜ਼, ਸ਼ਰਨਜੀਤ ਸਿੰਘ ਰੂਬੀ ਦੌਧਰ ਗਰਬੀ (ਮੋਗਾ), ਸਤਨਾਮ ਸਿੰਘ ਕੋਮਲ, ਚਰਨਜੀਤ ਸਿੰਘ, ਸਾਧੂ ਸਿੰਘ, ਮਾਸਟਰ ਰਣਜੀਤ ਸਿੰਘ, ਬਲਕੌਰ ਸਿੰਘ ਗਿੱਲ, ਅਮਨਪ੍ਰੀਤ ਕੌਰ ਸਤਨਾਮ ਸਿੰਘ (ਲੁਧਿਆਣਾ) ਜਸਵਿੰਦਰ ਸਿੰਘ ਔਜਲਾ (ਨਵਾਂ ਸ਼ਹਿਰ) ਅਮਨਦੀਪ ਕੌਰ ਮਲਿਕਾ, ਰਣਜੀਤ ਸਿੰਘ, ਦਲਬੀਰ ਕਟਾਣੀ, ਸਤਵਿੰਦਰ ਸਿੰਘ ਗੁੱਗ ਥਰੀਕੇ, ਹਰਵਿੰਦਰ ਸਿੰਘ ਥਰੀਕੇ, ਮਨਜੀਤ ਸਿੰਘ ਅਰੋੜਾ, ਕਿਰਪਾਲ ਸਿੰਘ ਸਹਾਰਾ, ਗੀਤਕਾਰ ਸੁਖਚੈਨ ਸਿੰਘ ਕੁਰੜ, ਸੁਨੀਤਾ ਕੁਮਾਰੀ, ਜਤਿਨ ਬੱਸੀਆਂ, ਹਰਦੀਪ ਸਿੰਘ, ਗੁਰਪ੍ਰੀਤ ਅਤੇ ਦੂਰ ਦੁਰਾਡੇ ਤੋਂ ਆਏ ਲੇਖਕ ਅਤੇ ਪੱਤਰਕਾਰ ਵੀ ਮੌਜੂਦ ਸਨ।

ਸਮਾਰੋਹ ਦੌਰਾਨ ਮੈਗਜ਼ੀਨ ਦੇ 25 ਸਾਲਾਂ ਦੇ ਯਾਦਗਾਰ ਸਫ਼ਰ ਨੂੰ ਮਨਾਉਂਦਿਆਂ ਸਾਹਿਤ, ਸਭਿਆਚਾਰ ਅਤੇ ਸਮਾਜ ਸੇਵਾ ਵਿੱਚ ਪਾਏ ਗਏ ਯੋਗਦਾਨ ਨੂੰ ਖਾਸ ਤੌਰ 'ਤੇ ਸਰਾਹਿਆ ਗਿਆ। ਇਹ ਸਮਾਗਮ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਪ੍ਰਤੀ ਨਿਭਾਈ ਜਾ ਰਹੀ ਨਿਸ਼ਠਾ ਦਾ ਪ੍ਰਤੀਕ ਬਣਿਆ।

ਸਮਾਰੋਹ ਦੌਰਾਨ ਮੈਗਜ਼ੀਨ ਦੇ 25 ਸਾਲਾਂ ਦੇ ਯਾਦਗਾਰ ਸਫ਼ਰ ਨੂੰ ਮਨਾਉਂਦਿਆਂ ਸਾਹਿਤ, ਸਭਿਆਚਾਰ ਅਤੇ ਸਮਾਜ ਸੇਵਾ ਵਿੱਚ ਪਾਏ ਯੋਗਦਾਨ ਨੂੰ ਖਾਸ ਤੌਰ 'ਤੇ ਸਰਾਹਿਆ ਗਿਆ। ਇਹ ਸਮਾਗਮ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਪ੍ਰਤੀ ਨਿਭਾਈ ਜਾ ਰਹੀ ਨਿਸ਼ਠਾ ਦਾ ਪ੍ਰਤੀਕ ਬਣ ਕੇ ਸਾਹਮਣੇ ਆਇਆ।

## ਵਿਧਾਇਕਾਂ, ਮੇਅਰ ਅਤੇ ਡੀ.ਸੀ ਨੇ ਹੈਬੋਵਾਲ ਤੇ ਤਾਜਪੁਰ ਰੋਡ ਦੇ ਡੇਅਰੀ ਕੰਪਲੈਕਸਾਂ ਤੋਂ ਗੋਬਰ ਲਿਫਟਿੰਗ ਨੂੰ ਯਕੀਨੀ ਬਣਾਉਣ ਲਈ ਡੇਅਰੀ ਮਾਲਕਾਂ ਤੇ ਠੇਕੇਦਾਰ ਨਾਲ ਕੀਤੀ ਮੀਟਿੰਗ

*ਡੇਅਰੀ ਮਾਲਕਾਂ ਤੇ ਗੋਬਰ ਚੁੱਕਣ ਵਾਲੇ ਠੇਕੇਦਾਰ ਵਿਚਕਾਰ ਤਾਲਮੇਲ ਮਜ਼ਬੂਤ ਕਰਨ ਲਈ ਪ੍ਰਸ਼ਾਸਨ ਸਰਗਰਮ*

*ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਬੁੱਢਾ ਦਰਿਆ ਪੁਨਰਜੀਵਨ ਮੁਹਿੰਮ ਤੇਜ਼*



ਲੁਧਿਆਣਾ, 31 ਮਾਰਚ : ਹੈਬੋਵਾਲ ਅਤੇ ਤਾਜਪੁਰ ਰੋਡ ਡੇਅਰੀ ਕੰਪਲੈਕਸਾਂ ਤੋਂ ਘਰ-ਘਰ ਜਾ ਕੇ ਗੋਬਰ ਚੁੱਕਣ ਨੂੰ ਯਕੀਨੀ ਬਣਾਉਣ ਲਈ ਵਿਧਾਇਕ ਮਦਨ ਲਾਲ ਬੱਗਾ, ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ, ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਅਤੇ ਡਿਪਟੀ ਕਮਿਸ਼ਨਰ (ਡੀ.ਸੀ) ਹਿਮਾਂਸ਼ੂ ਜੈਨ ਨੇ ਸੋਮਵਾਰ ਸ਼ਾਮ ਨੂੰ ਬੱਚਤ ਭਵਨ ਵਿਖੇ ਡੇਅਰੀ ਐਸੋਸੀਏਸ਼ਨਾਂ ਦੇ ਮੈਂਬਰਾਂ ਅਤੇ ਦੋਵਾਂ ਡੇਅਰੀ ਕੰਪਲੈਕਸਾਂ ਵਿੱਚ ਘਰ-ਘਰ ਜਾ ਕੇ ਗੋਬਰ ਚੁੱਕਣ ਲਈ ਰੱਖੇ ਠੇਕੇਦਾਰ ਨਾਲ ਮੀਟਿੰਗ ਕੀਤੀ।

ਮੀਟਿੰਗ ਦਾ ਉਦੇਸ਼ ਡੇਅਰੀ ਮਾਲਕਾਂ ਅਤੇ ਹੈਬੋਵਾਲ ਅਤੇ ਤਾਜਪੁਰ ਰੋਡ ਡੇਅਰੀ ਕੰਪਲੈਕਸਾਂ ਤੋਂ ਘਰ-ਘਰ ਜਾ ਕੇ ਗੋਬਰ ਚੁੱਕਣ ਲਈ ਰੱਖੇ ਠੇਕੇਦਾਰ ਵਿਚਕਾਰ ਤਾਲਮੇਲ ਨੂੰ ਬਿਹਤਰ ਬਣਾਉਣਾ ਸੀ।

ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਠੇਕੇਦਾਰ ਡੇਅਰੀ ਕੰਪਲੈਕਸਾਂ ਵਿੱਚ ਰੇਹੜੇ ਲਗਾਏਗਾ ਤਾਂ ਜੋ ਗੋਬਰ ਦੀ ਲਿਫਟਿੰਗ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਇਹ ਮੀਟਿੰਗ ਡੇਅਰੀ ਮਾਲਕਾਂ ਅਤੇ ਠੇਕੇਦਾਰ ਵਿਚਕਾਰ ਤਾਲਮੇਲ ਨੂੰ ਬਿਹਤਰ ਬਣਾਉਣ ਲਈ ਕੀਤੀ ਗਈ ਸੀ ਤਾਂ ਜੋ ਗੋਬਰ ਦੀ ਲਿਫਟਿੰਗ ਨੂੰ ਯਕੀਨੀ ਬਣਾਇਆ ਜਾ ਸਕੇ। ਉਹ ਡੇਅਰੀ ਮਾਲਕਾਂ ਦੇ ਵਿਰੁੱਧ ਨਹੀਂ ਹਨ, ਪਰ ਕਿਸੇ ਨੂੰ ਵੀ ਬੁੱਢਾ ਦਰਿਆ ਵਿੱਚ ਗੋਬਰ ਸੁੱਟਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਬੁੱਢਾ ਦਰਿਆ ਨੂੰ ਮੁੜ ਸੁਰਜੀਤ ਕਰਨ ਲਈ ਵਚਨਬੱਧ ਹੈ ਅਤੇ ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਹਰ ਜ਼ਰੂਰੀ ਕਦਮ ਚੁੱਕਿਆ ਜਾ ਰਿਹਾ ਹੈ।

ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਅਮਿਤ ਬੈਂਬੀ, ਡੀ.ਸੀ.ਪੀ ਜਸਕਰਨ ਤੇਜਾ, ਐਸ.ਡੀ.ਐਮ (ਪੱਛਮੀ) ਕੁਲਦੀਪ ਬਾਵਾ, ਐਸ.ਡੀ.ਐਮ (ਪੂਰਬੀ) ਜਸਲੀਨ ਕੌਰ ਭੁੱਲਰ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਵਿਨੀਤ ਕੁਮਾਰ, ਅਮਨਪ੍ਰੀਤ ਸਿੰਘ, ਦੀਪਜੋਤ ਕੌਰ, ਸਕੱਤਰ ਰਜਿਨਲ ਟਰਾਂਸਪੋਰਟ ਅਥਾਰਟੀ (ਆਰ.ਟੀ.ਏ) ਮਨਕੰਵਲ ਸਿੰਘ, ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਪ੍ਰਤੀਨਿਧੀ ਹਰਦੇਵ ਸਿੰਘ ਦੌਂਦਰ ਸਮੇਤ ਜ਼ਿਲ੍ਹਾ ਪ੍ਰਸ਼ਾਸਨ, ਨਗਰ ਨਿਗਮ, ਪੀ.ਪੀ.ਸੀ.ਬੀ, ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ, ਪੇਡਾ, ਹੋਰ ਵਿਭਾਗਾਂ ਦੇ ਅਧਿਕਾਰੀ, ਹੈਬੋਵਾਲ ਅਤੇ ਤਾਜਪੁਰ ਰੋਡ ਡੇਅਰੀ ਕੰਪਲੈਕਸਾਂ ਦੇ ਡੇਅਰੀ ਮਾਲਕ ਐਸੋਸੀਏਸ਼ਨ ਦੇ ਪ੍ਰਤੀਨਿਧੀ, ਗੋਬਰ ਦੀ ਘਰ-ਘਰ ਲਿਫਟਿੰਗ ਲਈ ਠੇਕੇਦਾਰ ਆਦਿ ਮੀਟਿੰਗ ਵਿੱਚ ਮੌਜੂਦ ਸਨ।

## ਡਾ. ਆਤਮਜੀਤ ਤੇ ਗੁਰਭਜਨ ਗਿੱਲ ਵੱਲੋਂ ਸੰਪਾਦਿਤ ਪੁਸਤਕ " ਪੰਜਾਬੀ ਬੋਲੀ, ਰਮਜ਼ਾਂ, ਰੁਕਾਵਟਾਂ ਤੇ ਰਾਹ" ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਵਿਦਵਾਨਾਂ ਵੱਲੋਂ ਲੋਕ ਅਰਪਨ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾਃ 31ਮਾਰਚ : ਵਿਸ਼ਵ ਪੰਜਾਬੀ ਸਭਾ(ਟੋਰੰਟੋ) ਕੈਨੇਡਾ ਵੱਲੋਂ ਪ੍ਰਸਿੱਧ ਪੰਜਾਬੀ ਲੇਖਕਾਂ ਡਾ. ਆਤਮਜੀਤ ਤੇ ਗੁਹਭਜਨ ਗਿੱਲ ਵੱਲੋਂ ਪੰਜਾਬੀ ਬੋਲੀ ਦੇ ਵਿਰਸੇ, ਵਰਤਮਾਨ ਤੇ ਭਵਿੱਖ ਬਾਰੇ ਵੱਡ ਆਕਾਰੀ ਪੁਸਤਕ " ਪੰਜਾਬੀ ਬੋਲੀ- ਰਮਜ਼ਾਂ,ਰੁਕਾਵਟਾਂ ਤੇ ਰਾਹ" ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੁਸਤਕ ਮੇਲਾ ਅਤੇ ਸਾਹਿੱਤ ਉਤਸਵ ਮੌਕੇ ਪ੍ਰਮੁੱਖ ਵਿਦਵਾਨਾਂ ਵਾਈਸ ਚਾਂਸਲਰ ਡਾ. ਜਗਦੀਪ ਸਿੰਘ, ਡਾ. ਰਘੁਬੀਰ ਸਿੰਘ ਸਿਰਜਣਾ, ਡਾ. ਵਰਿਆਮ ਸਿੰਘ ਸੰਧੂ,ਜੰਗ ਬਹਾਦਰ ਗੋਇਲ, ਡਾ. ਰਾਜਵੰਤ ਕੌਰ ਪੰਜਾਬੀ, ਮੁਖੀ ਪੰਜਾਬੀ ਵਿਭਾਗ ਪੰਜਾਬੀ ਯੂਨੀਵਰਸਿਟੀ, ਡਾ. ਸੁਰਜੀਤ,ਡਾ. ਗੁਰਸੇਵਕ ਸਿੰਘ ਲੰਬੀ ਤੇ ਹੋਰਨਾਂ ਵੱਲੋਂ ਲੋਕ ਅਰਪਣ ਕੀਤਾ ਗਿਆ।



ਵਿਸ਼ਵ ਪੰਜਾਬੀ ਸਭਾ ਟੋਰੰਟੋ ਦੀ ਇਹ ਮਹੱਤਵਪੂਰਨ ਪ੍ਰਕਾਸ਼ਨਾ ਪੰਜਾਬੀ ਬੋਲੀ ਰਮਜ਼ਾਂ, ਰੁਕਾਵਟਾਂ ਤੇ ਰਾਹ" ਪੁਸਤਕ ਮੇਲੇ ਵਿੱਚ ਇਹ 348 ਪੰਨਿਆਂ ਦੀ ਮਹੱਤਵਪੂਰਨ ਪ੍ਰਕਾਸ਼ਨਾ ਸਾਰੇ ਪੁਸਤਕ ਵਿਕਰੀ ਕੇਂਦਰਾਂ ਤੋਂ ਹਾਸਲ ਕੀਤੀ ਜਾ ਸਕਦੀ ਹੈ।

ਇਸ ਦੇ ਵਿਤਰਣ ਅਧਿਕਾਰ ਸਿੰਘ ਬਰਦਰਜ਼, ਸਿਟੀ ਸੈਂਟਰ ਅੰਮ੍ਰਿਤਸਰ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ ਲੁਧਿਆਣਾ , ਨਵਚੇਤਨ ਬੁੱਕ ਡਿਪੋ ਬਰਨਾਲਾ ਪੰਜਾਬ ਬੁੱਕ ਸੈਂਟਰ ਚੰਡੀਗੜ੍ਹ ਨੂੰ ਦਿੱਤੇ ਗਏ ਹਨ। ਵਿਸ਼ਵ ਪੰਜਾਬੀ ਸਭਾ ਟੋਰੰਟੋ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਦੀ ਸਰਪ੍ਰਸਤੀ ਹੇਠ ਇਹ ਪ੍ਰਕਾਸ਼ਨਾ ਤਿਆਰ ਕੀਤੀ ਗਈ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਹਾਜ਼ਰ ਵਿਦਵਾਨਾਂ ਦਾ ਕਥਨ ਸੀ ਕਿ ਇਹ ਪੁਸਤਕ ਯਕੀਨਨ ਦੇਸ਼ ਬਦੇਸ਼ ਵਿੱਚ ਨਵੀਂ ਵਿਚਾਰ ਚਰਚਾ ਛੇੜੇਗੀ।

ਡਾ. ਸੁਰਜੀਤ ਨੇ ਪੁਸਤਕ ਬਾਰੇ ਦੱਸਿਆ ਕਿ ਇਸ ਵਿੱਚ ਭਾਰਤ, ਪਾਕਿਸਤਾਨ, ਕੈਨੇਡਾ,ਇਟਲੀ , ਯੂ ਕੇ ਆਦਿ ਮੁਲਕਾਂ ਦੇ ਪੰਜਾਬੀ ਬੋਲੀ ਬਾਰੇ ਵਿਚਾਰ ਕਰਨਯੋਗ ਵਿਦਵਾਨਾਂ ਦੇ ਲੇਖ ਬੜੀ। ਹਿੰਮਤ ਨਾਲ ਡਾ. ਆਤਮਜੀਤ ਨੇ ਸੰਪਾਦਿਤ ਕੀਤੇ ਹਨ। ਪੁਸਤਕ ਐਮਾਜ਼ੋਨ ਤੋਂ ਵੀ ਮਿਲ ਸਕਦੀ ਹੈ। ਡਾ. ਵਰਿਆਮ ਸਿੰਘ ਸੰਧੂ ਨੇ ਸਮਾਗਮ ਉਪਰੰਤ ਪੁੱਜੇ ਗੁਰਭਜਨ ਗਿੱਲ ਨੂੰ ਡਾ. ਆਤਮਜੀਤ ਜੀ ਦੀ ਸਿਰੜ ਸਿਦਕ ਤੇ ਸਮਰਪਿਤ ਸਾਧਨਾ ਨੂੰ ਸਲਾਮ ਕਰਦਿਆਂ ਡਾ. ਦਲਬੀਰ ਸਿੰਘ ਕਥੂਰੀਆ ਦੇ ਪੁਸਤਕ ਪ੍ਰਕਾਸ਼ਨ ਲਈ ਸਰਪ੍ਰਸਤੀ ਲਈ ਮੁਬਾਰਕ ਦਿੱਤੀ ਹੈ।

ਗੁਰਭਜਨ ਗਿੱਲ ਨੇ ਦੱਸਿਆ ਕਿ ਮੁੱਢਲੇ ਤਾਲਮੇਲ ਵਿੱਚ ਪ੍ਰੋ. ਜਾਗੀਰ ਸਿੰਘ ਕਾਹਲੋਂ ਦੀਆਂ ਸੇਵਾਵਾਂ ਵੀ ਸ਼ਲਾਘਾਯੋਗ ਰਹੀਆਂ ਹਨ।

## ਅੰਤਰ ਰਾਸ਼ਟਰੀ ਮਾਮਲਿਆਂ ਬਾਰੇ ਸਚਿੱਤਰ ਮੈਗਜ਼ੀਨ "ਸੱਤ ਸਮੁੰਦਰੋਂ ਪਾਰ" ਦਾ ਸਿਲਵਰ ਜੁਬਲੀ ਸਮਾਰੋਹ

### ਪੰਜਾਬੀ ਪੱਤਰਕਾਰੀ ਵਿੱਚ ਸਚਿੱਤਰ ਮੈਗਜ਼ੀਨ ਅਜੋਕੇ ਸਮੇਂ ਦੀ ਵੀ ਪ੍ਰਮੁੱਖ ਲੋੜ—ਪ੍ਰੋ. ਗੁਰਭਜਨ ਸਿੰਘ ਗਿੱਲ

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ — 31 ਮਾਰਚ : ਪੰਜਾਬੀ ਭਾਸ਼ਾ ਵਿੱਚ 25 ਸਾਲ ਪਹਿਲਾ ਪੰਜਾਬੀ ਭਾਸ਼ਾ ਦਾ ਅੰਤਰ ਰਾਸ਼ਟਰੀ ਮਾਮਲਿਆਂ ਬਾਰੇ ਸਚਿੱਤਰ ਮਾਸਿਕ ਪੱਤਰ ਕੱਢਣਾ, ਬਹੁਤ ਔਖਾ ਕੰਮ ਹੈ, ਇਸ ਨੂੰ ਲਗਾਤਾਰ ਛਾਪ ਕੇ ਪਾਠਕਾਂ ਤੱਕ ਪੁੱਜਦਾ ਕਰਨਾ ਹੋਰ ਵੀ ਮੁਸ਼ਕਲ ਹੁੰਦਾ ਹੈ। ਇਹ ਵਿਚਾਰ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਸਿਲਵਰ ਜੁਬਲੀ ਸਮਾਹੋਰ ਮੌਕੇ ਸੰਬੋਧਨ ਕਰਦਿਆਂ ਕਹੇ। ਉਨ੍ਹਾਂ ਕਿਹਾ ਕਿ ਸਚਿੱਤਰ ਮੈਗਜ਼ੀਨ ਹਰ ਮਹੀਨੇ ਕੱਢਣਾ ਹਰ ਮਹੀਨੇ ਧੀ ਦਾ ਡੋਲ਼ਾ ਤੋਰਨ ਦੇ ਬਰਾਬਰ ਕਾਂ।

ਗਲੋਬਲ ਨਿਊਜ਼ ਮੈਗਜ਼ੀਨ ਸੱਤ ਸਮੁੰਦਰੋਂ ਪਾਰ, ਪਿਛਲੇ ਪੱਚੀ ਸਾਲ ਤੋਂ ਛਪ ਕੇ ਪਾਠਕਾਂ ਤੱਕ ਪੁੱਜਦਾ ਹੈ। ਇਹ ਸਿਰੜੀ ਸੁਭਾਅ ਤੇ ਜਨੂੰਨੀ ਵਿਅਕਤੀ ਦਾ ਕੰਮ ਹੈ। ਇਹ ਵਿਚਾਰ ਉੱਘੇ ਉਦਯੋਗਪਤੀ ਸਤਬੀਰ ਸਿੰਘ ਅੰਮ੍ਰਿਤਸਰ ਨੇ ਬੋਲਦਿਆਂ ਕਹੇ। ਪੰਜਾਬੀ ਭਵਨ ਦੇ ਮੁੱਖ ਸੈਮੀਨਾਰ ਹਾਲ ਵਿੱਚ ਪ੍ਰਸਿੱਧ ਗਲੋਬਲ ਨਿਊਜ਼ ਮੈਗਜ਼ੀਨ "ਸੱਤ ਸਮੁੰਦਰੋਂ ਪਾਰ" ਦੇ 25 ਸਾਲ ਪੂਰੇ ਹੋਣ ਦੇ ਉਪਲੱਖ ਵਿੱਚ ਸਿਲਵਰ ਜੁਬਲੀ ਸਮਾਰੋਹ ਬੜੀ ਸ਼ਾਨੋ-ਸ਼ੌਕਤ ਨਾਲ ਆਯੋਜਿਤ ਕੀਤਾ ਗਿਆ।

ਇਸ ਮੌਕੇ ਸੰਪਾਦਕ ਸ੍ਰੀ ਇੰਦਰਜੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਮੈਗਜ਼ੀਨ ਦੇ 25 ਸਾਲਾਂ ਦੇ ਸੰਘਰਸ਼ਮਈ ਸਫ਼ਰ, ਵਿਕਾਸ ਅਤੇ ਮਹੱਤਵਪੂਰਨ ਉਪਲਬਧੀਆਂ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ।

ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਅਤੇ ਉੱਘੇ ਕਵੀ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਹੋਰ ਕਿਹਾ ਕਿ ਇਹ ਮੈਗਜ਼ੀਨ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਨੂੰ ਆਪਣੀ ਮਿੱਟੀ ਅਤੇ ਸਭਿਆਚਾਰ ਨਾਲ ਜੋੜਨ ਮਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ ਅਤੇ ਇੰਦਰਜੀਤ ਸਿੰਘ ਦਾ ਇਹ ਉਪਰਾਲਾ ਬੇਹੱਦ ਸ਼ਲਾਘਾਯੋਗ ਹੈ।

ਇਸ ਮੌਕੇ ਅੰਮ੍ਰਿਤਸਰ ਤੋਂ ਪ੍ਰਸਿੱਧ ਸਮਾਜਸੇਵੀ ਸ੍ਰੀ ਸਤਬੀਰ ਸਿੰਘ ਨੇ ਸੁਰਿੰਦਰ ਫ਼ਰਿਸ਼ਤਾ ਉਰਫ ਘੁੱਲੇ ਸ਼ਾਹ ਜੀ ਦੇ ਨਾਲ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਈ। ਪ੍ਰਸਿੱਧ ਕਵਿੱਤਰੀ ਤੇ ਸਾਬਕਾ ਸੰਪਾਦਕ ਪਰਹਿੱਤ ਮਨਦੀਪ ਕੌਰ ਭੰਮਰਾ ਨੇ ਇੰਦਰਜੀਤ ਸਿੰਘ ਦੇ ਉਸ ਦੀ ਪੱਤਰਕਾਰੀ ਨੂੰ ਦੇਣ ਬਾਰੇ ਗੱਲਬਾਤ ਕੀਤੀ।

ਸਮਾਰੋਹ ਨੂੰ ਸੰਬੋਧਨ ਕਰਨ ਵਾਲੀਆਂ ਪ੍ਰਮੁੱਖ ਸ਼ਖਸੀਅਤਾਂ ਵਿੱਚ ਡਾ. ਹਰਸ਼ਿੰਦਰ ਕੌਰ (ਪਟਿਆਲਾ), ਡਾ. ਮਨਜੀਤ ਸਿੰਘ ਬਲ (ਜ਼ੀਰਕਪੁਰ), ਬਲਜੀਤ ਕੌਰ ਘੋਲੀਆ (ਲੁਧਿਆਣਾ), ਗਗਨਦੀਪ ਧਾਲੀਵਾਲ (ਬਰਨਾਲਾ), ਡਾ. ਜਸਵੰਤ ਸਿੰਘ ਗਿੱਲ (ਅਮਨ ਕੈਂਸਰ ਹਸਪਤਾਲ, ਜਲੰਧਰ), ਬੁੱਧ ਸਿੰਘ ਨੀਲੋਂ (ਲੁਧਿਆਣਾ), ਜਗਤਾਰ ਸਮਾਲਸਰ (ਏਲਨਾਬਾਦ, ਸਿਰਸਾ), ਬਲਜਿੰਦਰ ਕੌਰ ਸ਼ੇਰਗਿੱਲ (ਮੋਹਾਲੀ), ਸੋਮਨਾਥ ਭੱਟੀ (ਸੱਤਿਆਗ੍ਰਹਿ), ਰਣਜੀਤ ਸਿੰਘ ਅਜ਼ਾਦ ਕਾਂਝਲਾ (ਬਰਨਾਲਾ) ਅਤੇ ਬਾਬਾ ਸ਼ਮਸ਼ੇਰ ਸਿੰਘ ਵੀ ਜਗੇੜਾ ਸ਼ਾਮਲ ਸਨ।

ਮੰਚ ਸੰਚਾਲਨ ਦੀ ਭੂਮਿਕਾ ਸਰਬਜੀਤ ਕੌਰ (ਹਾਜੀਪੁਰ) ਨੇ ਬਹੁਤ ਹੀ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਈ। ਇਸ ਤੋਂ ਇਲਾਵਾ ਸੁਰਿੰਦਰ ਸਿੰਘ ਫੋਟੋ ਪੱਤਰਕਾਰ ਨੇ ਸਮਾਗਮ ਦੀ ਵੀਡੀਓਗ੍ਰਾਫੀ ਅਤੇ ਫੋਟੋਗ੍ਰਾਫੀ ਦੀ ਜ਼ਿੰਮੇਵਾਰੀ ਬਖੂਬੀ ਨਿਭਾਈ।

ਇਸ ਮੌਕੇ ਹੋਰ ਹਾਜ਼ਰ ਸ਼ਖਸੀਅਤਾਂ ਵਿੱਚ ਜਗਮੋਹਨ ਸਿੰਘ ਲੱਕੀ (ਪਟਿਆਲਾ), ਮਨਜਿੰਦਰ ਸਿੰਘ ਬੱਬੂ (ਰੀਅਲ ਅਸਟੇਟ ਸਲਾਹਕਾਰ, ਲੁਧਿਆਣਾ), ਸੁਰਿੰਦਰ ਹੀਰ (ਗ੍ਰੀਸ), ਜਸਵੀਰ ਕੌਰ (ਲੁਧਿਆਣਾ), ਪੀ.ਐਸ. ਪਾਲ ਐਡਵੋਕੇਟ, ਭਾਰਤ ਭੂਸ਼ਨ ਗੁਪਤਾ, ਜਗਜੀਤ ਸਿੰਘ ਮਾਨ (ਲੁਧਿਆਣਾ), ਬਲਬੀਰ ਸਿੰਘ ਸਿੱਧੂ ਸੰਪਾਦਕ ਜਸਟਿਸ ਨਿਊਜ਼, ਸ਼ਰਨਜੀਤ ਸਿੰਘ ਰੂਬੀ ਦੌਧਰ ਗਰਬੀ (ਮੋਗਾ), ਸਤਨਾਮ ਸਿੰਘ ਕੋਮਲ, ਚਰਨਜੀਤ ਸਿੰਘ, ਸਾਧੂ ਸਿੰਘ, ਮਾਸਟਰ ਰਣਜੀਤ ਸਿੰਘ, ਬਲਕੌਰ ਸਿੰਘ ਗਿੱਲ, ਅਮਨਪ੍ਰੀਤ ਕੌਰ ਸਤਨਾਮ ਸਿੰਘ (ਲੁਧਿਆਣਾ) ਜਸਵਿੰਦਰ ਸਿੰਘ ਔਜਲਾ (ਨਵਾਂ ਸ਼ਹਿਰ) ਅਮਨਦੀਪ ਕੌਰ ਮਲਿਕਾ, ਰਣਜੀਤ ਸਿੰਘ, ਦਲਬੀਰ ਕਟਾਣੀ, ਸਤਵਿੰਦਰ ਸਿੰਘ ਗੁੱਗ ਥਰੀਕੇ, ਹਰਵਿੰਦਰ ਸਿੰਘ ਥਰੀਕੇ, ਮਨਜੀਤ ਸਿੰਘ ਅਰੋੜਾ, ਕਿਰਪਾਲ ਸਿੰਘ ਸਹਾਰਾ, ਗੀਤਕਾਰ ਸੁਖਚੈਨ ਸਿੰਘ ਕੁਰੜ, ਸੁਨੀਤਾ ਕੁਮਾਰੀ, ਜਤਿਨ ਬੱਸੀਆਂ, ਹਰਦੀਪ ਸਿੰਘ, ਗਰੁਪ੍ਰੀਤ ਅਤੇ ਦੂਰ ਦੁਰਾਡੇ ਤੋਂ ਆਏ ਲੇਖਕ ਅਤੇ ਪੱਤਰਕਾਰ ਵੀ ਮੌਜੂਦ ਸਨ।

ਸਮਾਰੋਹ ਦੌਰਾਨ ਮੈਗਜ਼ੀਨ ਦੇ 25 ਸਾਲਾਂ ਦੇ ਯਾਦਗਾਰ ਸਫ਼ਰ ਨੂੰ ਮਨਾਉਂਦਿਆਂ ਸਾਹਿਤ, ਸਭਿਆਚਾਰ ਅਤੇ ਸਮਾਜ ਸੇਵਾ ਵਿੱਚ ਪਾਏ ਗਏ ਯੋਗਦਾਨ ਨੂੰ ਖਾਸ ਤੌਰ 'ਤੇ ਸਰਾਹਿਆ ਗਿਆ। ਇਹ ਸਮਾਗਮ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਪ੍ਰਤੀ ਨਿਭਾਈ ਜਾ ਰਹੀ ਨਿਸ਼ਠਾ ਦਾ ਪ੍ਰਤੀਕ ਬਣਿਆ।

ਸਮਾਰੋਹ ਦੌਰਾਨ ਮੈਗਜ਼ੀਨ ਦੇ 25 ਸਾਲਾਂ ਦੇ ਯਾਦਗਾਰ ਸਫ਼ਰ ਨੂੰ ਮਨਾਉਂਦਿਆਂ ਸਾਹਿਤ, ਸਭਿਆਚਾਰ ਅਤੇ ਸਮਾਜ ਸੇਵਾ ਵਿੱਚ ਪਾਏ ਯੋਗਦਾਨ ਨੂੰ ਖਾਸ ਤੌਰ 'ਤੇ ਸਰਾਹਿਆ ਗਿਆ। ਇਹ ਸਮਾਗਮ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਪ੍ਰਤੀ ਨਿਭਾਈ ਜਾ ਰਹੀ ਨਿਸ਼ਠਾ ਦਾ ਪ੍ਰਤੀਕ ਬਣ ਕੇ ਸਾਹਮਣੇ ਆਇਆ।

## "ਸਾਡੇ ਬਜ਼ੁਰਗ ਸਾਡਾ ਮਾਣ" ਮੁਹਿੰਮ ਤਹਿਤ ਡਿਜੀਟਲ ਅਤੇ ਫਾਈਨੈਂਸ਼ੀਅਲ ਜਾਗਰੂਕਤਾ ਕੈਂਪ ਲਗਾਇਆ

ਵਰਲਡ ਪੰਜਾਬੀ ਟਾਈਮਜ਼

ਫਰੀਦਕੋਟ 31 ਮਾਰਚ : ਡਾਇਰੈਕਟਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ੍ਰੀਮਤੀ ਰਤਨਦੀਪ ਸੰਧੂ ਜਿਲ੍ਹਾ ਸਮਾਜਿਕ ਸੁਰੱਖਿਆ ਅਫਸਰ ,ਫਰੀਦਕੋਟ ਦੇ ਯਤਨਾਂ ਸਦਕਾ ਮਿਤੀ 30.03.2026 ਨੂੰ ਰਵੀਦਾਸ ਧਰਮਸ਼ਾਲਾ ਬਲਬੀਰ ਬਸਤੀ ਫਰੀਦਕੋਟ ਵਿਖੇ "ਸਾਡੇ ਬਜ਼ੁਰਗ ਸਾਡਾ ਮਾਣ" ਮੁਹਿੰਮ ਤਹਿਤ ਡਿਜੀਟਲ ਅਤੇ ਫਾਈਨੈਂਸ਼ੀਅਲ ਜਾਗਰੂਕਤਾ ਕੈਂਪ ਲਗਾਇਆ। ਇਸ ਕੈਂਪ ਦਾ ਮੁੱਖ ਉਦੇਸ਼ ਬਜ਼ੁਰਗਾਂ ਨੂੰ ਆਧੁਨਿਕ ਡਿਜੀਟਲ ਸਹੂਲਤਾਂ ਅਤੇ ਵਿੱਤੀ ਪ੍ਰਣਾਲੀਆਂ ਬਾਰੇ ਜਾਣੂ ਕਰਵਾਉਣਾ ਅਤੇ ਉਨ੍ਹਾਂ ਨੂੰ ਸੁਰੱਖਿਅਤ ਤਰੀਕੇ ਨਾਲ ਇਹ ਸੇਵਾਵਾਂ ਵਰਤਣ ਲਈ ਪ੍ਰੇਰਿਤ ਕਰਨਾ ਸੀ।



ਕੈਂਪ ਦੌਰਾਨ ਲੀਡ ਬੈਂਕ ਫਰੀਦਕੋਟ ਦੇ ਅਧਿਕਾਰੀਆਂ ਵੱਲੋਂ ਹਾਜਰ ਲਾਭਪਾਤਰੀਆਂ ਨੂੰ ਮੋਬਾਈਲ ਬੈਂਕਿੰਗ, ਆਨਲਾਈਨ ਲੈਣ-ਦੇਣ, ਯੂਪੀਆਈ ਸਿਸਟਮ, ਏਟੀਐਮ ਦੀ ਸੁਰੱਖਿਅਤ ਵਰਤੋਂ,ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ, ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ, ਅਟਲ ਪੈਨਸ਼ਨ ਯੋਜਨਾ, ਸੁਕੰਨਿਆ ਸਮਰਿਧੀ ਯੋਜਨਾ,ਮਾਵਾਂ ਧੀਆਂ ਸਤਿਕਾਰ ਯੋਜਨਾ ਸਕੀਮ ਤਹਿਤ ਪੰਜਾਬ ਸਰਕਾਰ ਵੱਲੋਂ ਜੋ ਲਾਭ ਦਿੱਤਾ ਜਾਣਾ ਹੈ ਅਤੇ ਸੁਰੱਖਿਅਤ ਵਰਤੋਂ ਅਤੇ ਸਾਇਬਰ ਠੱਗੀਆਂ ਤੋਂ ਬਚਾਅ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੇ ਵਿੱਤੀ ਲੈਣ-ਦੇਣ ਦੌਰਾਨ ਸਾਵਧਾਨੀਆਂ ਬਾਰੇ ਵੀ ਸਮਝਾਇਆ ਅਤੇ ਸਰਕਾਰੀ ਯੋਜਨਾਵਾਂ ਦਾ ਲਾਭ ਲੈਣ ਲਈ ਮਦਦਗਾਰ ਸੁਝਾਅ ਦਿੱਤੇ।

ਇਸ ਮੌਕੇ ਬੋਲਦਿਆਂ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਨੇ ਕਿਹਾ ਕਿ ਬਜ਼ੁਰਗ ਸਾਡੇ ਸਮਾਜ ਦਾ ਕੀਮਤੀ ਧਰੋਹਰ ਹਨ ਅਤੇ ਉਨ੍ਹਾਂ ਨੂੰ ਨਵੀਂ ਤਕਨਾਲੋਜੀ ਨਾਲ ਜੋੜਨਾ ਸਮੇਂ ਦੀ ਲੋੜ ਹੈ। ਇਸ ਤਰ੍ਹਾਂ ਦੇ ਕੈਂਪ ਉਨ੍ਹਾਂ ਦੀ ਰੋਜ਼ਾਨਾ ਜ਼ਿੰਦਗੀ ਨੂੰ ਆਸਾਨ ਬਣਾਉਣ ਵਿੱਚ ਮਦਦਗਾਰ ਸਾਬਤ ਹੁੰਦੇ ਹਨ।

ਕੈਂਪ ਵਿੱਚ ਹਾਜ਼ਰ ਲਾਭਪਾਤਰੀਆਂ ਨੇ ਇਸ ਉਪਰਾਲੇ ਦੀ ਭਰਪੂਰ ਸਰਾਹਨਾ ਕੀਤੀ ਅਤੇ ਕਿਹਾ ਕਿ ਇਸ ਤਰ੍ਹਾਂ ਦੀਆਂ ਜਾਗਰੂਕਤਾ ਗਤੀਵਿਧੀਆਂ ਨਾਲ ਉਨ੍ਹਾਂ ਵਿੱਚ ਆਤਮਵਿਸ਼ਵਾਸ ਵਧਦਾ ਹੈ ਅਤੇ ਉਹ ਡਿਜੀਟਲ ਸੇਵਾਵਾਂ ਨੂੰ ਨਿਡਰ ਹੋ ਕੇ ਵਰਤ ਸਕਦੇ ਹਨ।

## ਸੱਤ ਸਮੁੰਦਰੋਂ ਪਾਰ

"

ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਰੰਮੀ




ਸੱਤ ਸਮੁੰਦਰੋਂ ਪਾਰ " ਦੇ ਸੰਪਾਦਕ ਵੀਰ ਇੰਦਰਜੀਤ ਸਿੰਘ ਜੀ ਨਾਲ ਮੇਰੀ ਬਹੁਤ ਪੁਰਾਣੀ ਸਾਂਝ ਹੈ । ਕਈ ਮਸਲਿਆਂ ਤੇ ਅਸੀਂ ਵਿਚਾਰ ਵੀ ਸਾਂਝੇ ਕਰਦੇ ਰਹਿੰਦੇ ਹਾਂ। ਬਹੁਤ ਵਾਰ ਉਹਨਾਂ ਨੇ ਮੇਰੀਆਂ ਰਚਨਾਵਾਂ ਅਤੇ ਨਿਊਜ਼ ਨੂੰ ਮੈਗਜ਼ੀਨ ਵਿੱਚ ਛਾਪ ਕੇ ਮੈਨੂੰ ਮਾਣ ਬਖਸ਼ਿਆ ਹੈ । ਥੋੜੇ ਦਿਨ ਪਹਿਲਾਂ ਮੈਨੂੰ ਉਹਨਾਂ ਦਾ ਮੈਸੇਜ ਮਿਲਿਆ ਕਿ ਅਸੀਂ " ਸੱਤ ਸਮੁੰਦਰੋਂ ਪਾਰ " ਦੇ 25 ਸਾਲ ਪੂਰੇ ਹੋਣ ਤੇ ਸਿਲਵਰ ਜੁਬਲੀ ਪ੍ਰੋਗਰਾਮ ਕਰ ਰਹੇ ਹਾਂ ਤੇ ਆਪ ਜੀ ਨੂੰ ਸਨਮਾਨਿਤ ਕਰਨਾ ਚਾਹੁੰਦੇ ਹਾਂ । ਆਪ ਆਪਣੀ ਪਿਕਚਰ ਤੇ ਜਾਣ ਪਹਿਚਾਣ ਆਪਣੇ ਬਾਰੇ ਭੇਜੋ । ਮੈਂ ਕਿਹਾ ਵੀਰ ਜੀ ਮੈਂ ਤੇ ਕੈਨੇਡਾ ਬੈਠੀ ਹਾਂ । ਕਹਿੰਦੇ ਹਾਜ਼ਰੀ ਜ਼ਰੂਰੀ ਹੈ ਪਰ ਅਸੀਂ ਤੁਹਾਨੂੰ ਸਨਮਾਨਿਤ ਕਰਨਾ ਚਾਹੁੰਦੇ ਹਾਂ ਇਸ ਲਈ ਆਪਣੇ ਬੀਹਾਫ਼ ਤੇ ਕਿਸੇ ਨੂੰ ਭੇਜ ਦੇਣਾ । ਮੈਂ ਅੰਮ੍ਰਿਤਸਰ ਤੋਂ ਉੱਘੇ ਉਦਯੋਗਪਤੀ , ਸਾਹਿਤਕਾਰ ਤੇ ਸਮਾਜਸੇਵੀ ਸਤਬੀਰ ਜੀ ਨੂੰ ਕਿਹਾ ਤੁਸੀਂ ਜਾ ਆਉਣਾ । ਮੇਰੇ ਵੀਰ ਸਤਬੀਰ ਨੇ ਇੱਕ ਹੋਰ ਪ੍ਰੋਗਰਾਮ ਵਿੱਚ ਵੀ ਜਾਣਾ ਸੀ , ਉਹ ਅਟੈਂਡ ਕਰਕੇ ਲੁਧਿਆਣਾ ਆਏ ਤੇ ਸਾਰਾ ਪ੍ਰੋਗਰਾਮ ਉਹਨਾਂ ਅਟੈਂਡ ਕੀਤਾ । ਉਹਨਾਂ ਮੁਤਾਬਿਕ ਪ੍ਰੋਗਰਾਮ ਬਹੁਤ ਸ਼ਾਨਦਾਰ ਢੰਗ ਨਾਲ ਉਲੀਕਿਆ ਹੋਇਆ ਸੀ । ਉਹਨਾਂ ਨਾਲ ਹਾਸਰਸ ਕਲਾਕਾਰ ਘੁੱਲੇ ਸ਼ਾਹ ਜੀ ਨੇ ਵੀ ਪ੍ਰੋਗਰਾਮ ਵਿੱਚ ਪਹੁੰਚ ਕੇ ਆਪਣੀ ਹਾਜ਼ਰੀ ਲਗਾਈ ਤੇ ਮਨ ਪ੍ਰਚਾਵਾ ਵੀ ਕੀਤਾ ਆਪਣੀਆਂ ਪਿਆਰੀਆਂ ਮਿੱਠੀਆਂ ਗੱਲਾਂ ਨਾਲ । ਸਤਬੀਰ ਜੀ ਕਹਿੰਦੇ ਕਿ ਵੀਰ ਇੰਦਰਜੀਤ ਜੀ ਨਿਹਾਇਤ ਸ਼ਰੀਫ਼ ਇਨਸਾਨ ਤੇ ਸੱਭ ਦੀ ਕਦਰ ਕਰਨ ਵਾਲੇ ਹਨ । ਪ੍ਰੋਗਰਾਮ ਬੇਹੱਦ ਖ਼ੂਬਸੂਰਤ ਰਿਹਾ । ਮੇਰਾ ਸਨਮਾਨ ਵੀ ਉਹਨਾਂ ਨੇ ਰੀਸੀਵ ਕੀਤਾ । ਪ੍ਰੋਗਰਾਮ ਦੀਆਂ ਫੋਟੋ ਤੇ ਵੀਡੀਓ ਵੀ ਮੈਨੂੰ ਭੇਜੀਆਂ । ਲੱਗਾ ਹੀ ਨਹੀਂ ਕਿ ਮੈਂ ਪ੍ਰੋਗਰਾਮ ਵਿੱਚ ਸ਼ਿਰਕਤ ਨਹੀਂ ਕੀਤੀ । ਇਵੇਂ ਲੱਗਾ ਜਿਵੇਂ ਮੈਂ ਪ੍ਰੋਗਰਾਮ ਵਿੱਚ ਬਿਰਾਜਮਾਨ ਹੋਵਾਂ ।

ਇਸ ਪ੍ਰੋਗਰਾਮ ਦੇ ਬਾਰੇ ਮੈਂ ਵੀਰ ਇੰਦਰਜੀਤ ਦੀ ਦੀ ਪੋਸਟ ਨੂੰ ਪੜ੍ਹਿਆ ਤੇ ਕਾਪੀ ਪੇਸਟ ਕੀਤਾ । ਸੱਚਮੁੱਚ ਬਹੁਤ ਵਧੀਆ ਲੱਗਾ ਤੇ ਮੈਂ ਆਪਣੇ ਦੋਸਤਾਂ ਨਾਲ ਵੀ ਸ਼ੇਅਰ ਕਰਨਾ ਚਾਹਿਆ । ਪ੍ਰਸਿੱਧ ਗਲੋਬਲ ਨਿਊਜ਼ ਮੈਗਜ਼ੀਨ "ਸੱਤ ਸਮੁੰਦਰੋਂ ਪਾਰ" ਦੇ 25 ਸਾਲ ਪੂਰੇ ਹੋਣ ਦੇ ਉਪਲੱਖ ਵਿੱਚ ਸਿਲਵਰ ਜੁਬਲੀ ਸਮਾਰੋਹ ਬੜੀ ਸ਼ਾਨੋ-ਸ਼ੌਕਤ ਨਾਲ ਆਯੋਜਿਤ ਕੀਤਾ ਗਿਆ। ਮੈਗਜ਼ੀਨ ਦੇ 25 ਸਾਲਾਂ ਦੇ ਯਾਦਗਾਰ ਸਫ਼ਰ ਨੂੰ ਮਨਾਉਂਦਿਆਂ ਸਾਹਿਤ, ਸਭਿਆਚਾਰ ਅਤੇ ਸਮਾਜ ਸੇਵਾ ਵਿੱਚ ਪਾਏ ਗਏ ਯੋਗਦਾਨ ਨੂੰ ਖਾਸ ਤੌਰ 'ਤੇ ਸਰਾਹਿਆ ਗਿਆ। ਇਹ ਸਮਾਗਮ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਪ੍ਰਤੀ ਨਿਭਾਈ ਜਾ ਰਹੀ ਨਿਸ਼ਠਾ ਦਾ ਪ੍ਰਤੀਕ ਬਣਿਆ। ਸਮਾਰੋਹ ਦੌਰਾਨ ਮੈਗਜ਼ੀਨ ਦੇ 25 ਸਾਲਾਂ ਦੇ ਯਾਦਗਾਰ ਸਫ਼ਰ ਨੂੰ ਮਨਾਉਂਦਿਆਂ ਸਾਹਿਤ, ਸਭਿਆਚਾਰ ਅਤੇ ਸਮਾਜ ਸੇਵਾ ਵਿੱਚ ਪਾਏ ਯੋਗਦਾਨ ਨੂੰ ਖਾਸ ਤੌਰ 'ਤੇ ਸਰਾਹਿਆ ਗਿਆ। ਇਹ ਸਮਾਗਮ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਪ੍ਰਤੀ ਨਿਭਾਈ ਜਾ ਰਹੀ ਨਿਸ਼ਠਾ ਦਾ ਪ੍ਰਤੀਕ ਬਣ ਕੇ ਸਾਹਮਣੇ ਆਇਆ।

ਇਸ ਸਫ਼ਲ ਪ੍ਰੋਗਰਾਮ ਦੀਆਂ ਵੀਰ ਇੰਦਰਜੀਤ ਜੀ ਤੇ ਸਮੂਹ ਪ੍ਰਬੰਧਕਾਂ ਦਾ ਧੰਨਵਾਦ ਤੇ ਬਹੁਤ ਬਹੁਤ ਮੁਬਾਰਕਾਂ ਅਤੇ ਸ਼ੁੱਭ ਇੱਛਾਵਾਂ ਜੀ । ਵੀਰ ਜੀ ਨਾਲ ਪ੍ਰੋਗਰਾਮ ਦੇ ਬਾਰੇ ਨਿਚ ਬਰਾਬਰ ਸਾਂਝ ਬਣੀ ਰਹੀ ਤੇ ਮੈਨੂੰ ਰੋਜ਼ ਸੱਦਾ ਪੱਤਰ ਭੇਜ ਕੇ ਯਾਦ ਵੀ ਦਿਲਾਉਂਦੇ ਰਹੇ । ਮੇਰੇ ਕੋਲ ਉਹ ਸ਼ਬਦ ਨਹੀਂ ਕਿ ਮੈਂ ਆਪਣੇ ਵੀਰ ਅਤੇ ਸਤਬੀਰ ਜੀ ਦਾ ਧੰਨਵਾਦ ਕਰ ਸਕਾਂ । ਆਪ ਜੀ ਨੇ ਮੈਨੂੰ ਬਹੁਤ ਮਾਣ ਦਿੱਤਾ ਹੈ ਜੀ । ਇਹ ਸਾਹਿਤਕ ਸਾਂਝਾਂ ਸੱਤ ਸਮੁੰਦਰੋਂ ਪਾਰ ਵੀ ਇਸੇ ਤਰਾਂ ਹਮੇਸ਼ਾਂ ਬਣੀਆਂ ਰਹਿਣ ਜੀ । ਆਪ ਜੀ ਦੀ ਚੜ੍ਹਦੀਕਲਾ ਲਈ ਹਮੇਸ਼ਾਂ ਦੁਆਵਾਂ ਕਰਦੇ ਹਾਂ ਜੀ । ਬਹੁਤ ਧੰਨਵਾਦ ਸਹਿਤ ।

## "ਈਰਾਨ-ਅਮਰੀਕਾ-ਇਜ਼ਰਾਈਲ ਯੁੱਧ: ਕੀ ਹੈ ਸਥਿਤੀ?

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ




ਈਰਾਨ-ਅਮਰੀਕਾ-ਇਜ਼ਰਾਈਲ ਯੁੱਧ ਇਸ ਵੇਲੇ 24ਵੇਂ ਦਿਨ ਵਿੱਚ ਹੈ, ਅਤੇ ਸਥਿਤੀ ਬਹੁਤ ਤਣਾਅਪੂਰਨ ਹੈ। ਈਰਾਨ ਨੇ ਇਜ਼ਰਾਈਲ ਦੇ ਕਈ ਸ਼ਹਿਰਾਂ 'ਤੇ ਮਿਜ਼ਾਈਲ ਹਮਲੇ ਕੀਤੇ ਹਨ, ਜਿਸ ਵਿੱਚ 15 ਤੋਂ ਵੱਧ ਲੋਕ ਜ਼ਖਮੀ ਹੋਏ ਹਨ। ਇਜ਼ਰਾਈਲ ਨੇ ਵੀ ਈਰਾਨ ਦੇ ਮਿਜ਼ਾਈਲ ਉਤਪਾਦਨ, ਨਿਊਕਲੀਅਰ ਅਤੇ ਏਅਰ ਡਿਫੈਂਸ ਸਾਈਟਾਂ ਨੂੰ ਨਿਸ਼ਾਨਾ ਬਣਾਇਆ ਹੈ।

ਅਮਰੀਕਾ ਅਤੇ ਈਰਾਨ ਵਿਚਕਾਰ ਗੱਲਬਾਤ ਚੱਲ ਰਹੀ ਹੈ, ਪਰ ਅਜੇ ਤੱਕ ਕੋਈ ਵੱਡੀ ਜੰਗਬੰਦੀ ਨਹੀਂ ਹੋਈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਈਰਾਨ ਨਾਲ ਗੱਲਬਾਤ ਸਕਾਰਾਤਮਕ ਦਿਸ਼ਾ ਵਿੱਚ ਅੱਗੇ ਵੱਧ ਰਹੀ ਹੈ ਅਤੇ ਲਗਭਗ 15 ਮੁੱਦਿਆਂ 'ਤੇ ਸਮਝੌਤੇ ਹੋਏ ਹਨ।

ਕਦੋਂ ਖਤਮ ਹੋਵੇਗਾ ਇਹ ਯੁੱਧ, ਇਸ ਦਾ ਜਵਾਬ ਦੇਣਾ ਔਖਾ ਹੈ, ਪਰ ਗੱਲਬਾਤ ਜਾਰੀ ਹੈ।